S 636
1/9/25

ਜੀ-1 / LA
01/09/25

ਵੱਲੋਂ:

ਸਿਵਲ ਜੱਜ (ਸੀਨੀਅਰ ਡੀਵੀਜਨ)-ਕਮ- ਸਕੱਤਰ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਬਠਿੰਡਾ।

ਵੱਲ:

ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ),
ਬਠਿੰਡਾ।

ਨੰ: 2466 ਮਿਤੀ 01/09/2025

ਵਿਸ਼ਾ: ਲੀਗਲ ਲਿਟਰੇਸੀ ਕਲੱਬਾਂ ਵੱਲੋ ਘਰੇਲੂ ਹਿੰਸਾਂ ਤੋ ਮਹਿਲਾਵਾਂ ਦਾ ਸੰਰਕਸ਼ਣ ਅਧਿਨਿਯਮ, 2005 ਤਹਿਤ ਜਾਗਰੂਕਤਾ ਸੈਮੀਨਾਰ, ਸਟ੍ਰੀਟ ਪਲੇ, ਨੁੱਕੜ ਨਾਟਕ, ਕਵਿਜ਼ ਕਾਂਟੇਸਟ ਅਤੇ ਡਿਬੇਟਸ ਆਦਿ ਕਰਵਾ ਕੇ ਰਿਪੋਰਟ ਭੇਜਣ ਸਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸੇ ਦੇ ਸਬੰਧ ਵਿੱਚ ਮਾਨਯੋਗ ਮੈਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਜੀ ਦੇ ਦਫਤਰੀ ਹੁਕਮ ਅਨੁਸਾਰ ਜਿਲ੍ਹਾ ਬਠਿੰਡਾ ਦੇ ਵਿੱਚ ਖੋਲੇ ਗਏ ਲੀਗਲ ਲਿਟਰੇਸ਼ੀ ਕਲੱਬਾਂ ਵੱਲੋ ਘਰੇਲੂ ਹਿੰਸਾਂ ਤੋ ਮਹਿਲਾਵਾਂ ਦਾ ਸੰਰਕਸ਼ਣ ਅਧਿਨਿਯਮ, 2005 ਤਹਿਤ ਜਾਗਰੂਕਤਾ ਸੈਮੀਨਾਰ, ਸਟ੍ਰੀਟ ਪਲੇ, ਨੁੱਕੜ ਨਾਟਕ, ਕਵਿਜ਼ ਕਾਂਟੇਸਟ ਅਤੇ ਡਿਬੇਟਸ ਕਰਵਾਉਣ ਹਨ। ਸੋ ਆਪ ਜੀ ਵੱਲੋ ਜਿਲ੍ਹਾ ਬਠਿੰਡਾ ਦੇ ਸਾਰੇ ਸੈਕੰਡਰੀ ਸਕੂਲਾਂ ਦੇ ਵਿੱਚ ਬਣੇ ਲੀਗਲ ਲਿਟਰੇਸ਼ੀ ਕਲੱਬਾਂ ਵੱਲੋ ਉਪਰੋਕਤ ਸੈਮੀਨਾਰ ਆਦਿ ਮਿਤੀ 15-09-2025 ਤੱਕ ਕਰਵਾ ਕੇ ਉਹਨਾਂ ਦੀਆਂ ਰਿਪੋਰਟਾਂ ਅਤੇ ਫੋਟੋਆਂ ਆਦਿ ਨਿਮਨਹਸਤਾਖਰ ਜੀ ਨੂੰ ਭੇਜੀਆਂ ਜਾਣ ਅਤੇ ਨਾਲ ਹੀ ਆਪ ਜੀ ਵੱਲੋ ਲੀਗਲ ਲਿਟਰੇਸ਼ੀ ਕਲੱਬਾਂ ਦੀ ਲਿਸਟ, ਇੰਚਾਰਜ ਦਾ ਨਾਮ ਅਤੇ ਮੋਬਾਇਲ ਨੰਬਰ ਵੀ ਦਿੱਤਾ ਜਾਵੇ। ਤਾਂ ਜੋ ਨਿਮਨਹਸਤਾਖਰ ਜੀ ਵੱਲੋ ਉਕਤ ਰਿਪੋਰਟਾਂ ਮਾਨਯੋਗ ਮੈਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੂੰ ਭੇਜੀਆਂ ਜਾ ਸਕਣ।

ਸਿਵਲ ਜੱਜ (ਸੀਨੀਅਰ ਡਿਵੀਜਨ)-ਕਮ-ਸਕੱਤਰ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
Bathinda

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1702 ਮਿਤੀ 11/09/25

ਉਪਰੋਕਤ ਦਾ ਉਤਾਰਾ ਪ੍ਰਿੰਸੀਪਲਜ਼/ਹੈੱਡਮਾਸਟਰਜ਼ (ਸਹਸ/ਸਸਸਸ) ਨੂੰ , ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਗਤੀਵਿਧੀਆਂ ਨਿਸ਼ਚਿਤ ਮਿਤੀ 15.09.2025 ਤੱਕ ਕਰਵਾ ਲਈਆਂ ਜਾਣ ਅਤੇ ਇਸ ਦੀ ਰਿਪੋਰਟ ਸਮੇਤ ਫੋਟੋਗ੍ਰਾਫਸ ਅਨੁਸਾਰ ਭੇਜਣੀ ਯਕੀਨੀ ਬਣਾਈ ਜਾਵੇ ।

ਗੂਗਲ ਸ਼ੀਟ ਲਿੰਕ

https://docs.google.com/spreadsheets/d/1erTFA -o6AQmIJyN4nLaEMWmORKGrojyjXciqM7n7HQ/edit?usp=

11/09/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

11/09/25

Scanned with OKEN Scanner